Hounslow Homes
Managing quality homes for Hounslow

# ਹੰਸਲੋ ਹੋਮਜ਼ ਨੇਬਰਹੁੱਡ ਵਾਰਡਨ ਸਕੀਮ

Hounslow Homes Neighbourhood Warden Scheme - Panjabi

## ਕਮਿਉਨਿਟੀ ਨੂੰ ਸੁਰੱਖਿਅਤ ਬਨਾਉਣਾ

'ਹੰਸਲੋ ਹੋਮਜ਼ ਨੇਬਰਹੁੱਡ ਵਾਰਡਨ ਸਕੀਮ' ਹੰਸਲੋ ਹੋਮਜ਼ ਦੁਆਰਾ ਮੁਹੱਈਆ ਕੀਤੀ ਜਾਂਦੀ ਹੈ ਅਤੇ ਲੰਡਨ ਬਾਰੋ ਆਫ਼ ਹੰਸਲੋ, ਹੰਸਲੋ ਪੁਲਸ ਅਤੇ ਥੇਮਜ ਵੈਲੀ ਹਾਊਸਿੰਗ ਐਸੋਸੀਏਸ਼ਨ ਇਸ ਦੇ ਸਮਰਥਕ ਹਨ। ਇਸ ਸਕੀਮ ਦੇ ਨਿਸ਼ਾਨੇ ਇਹ ਹਨ:

* ਸਥਾਨਕ ਇਲਾਕੇ ਨੂੰ ਸੁਰੱਖਿਅਤ ਬਨਾਉਣਾ ਅਤੇ ਇਸ ਨੂੰ ਸੁਧਾਰਨਾ।
* ਜੁਰਮ ਦੇ ਡਰ ਨੂੰ ਘਟਾਉਣਾ
* ਗੈਰ-ਸਮਾਜੀ ਵਤੀਰੇ ਨੂੰ ਘਟਾਉਣ ਵਿਚ ਮਦਦ ਕਰਨੀ, ਜਿਸ ਵਿਚ ਪਰੇਸ਼ਾਨੀ, ਨਸਲੀ ਪਰੇਸ਼ਾਨੀ ਅਤੇ ਖ਼ਰਾਬੀ ਸ਼ਾਮਲ ਹੈ।

ਨੇਬਰਹੁੱਡ ਵਾਰਡਨ ਹੋਰਨਾਂ ਤਰੀਕਿਆਂ ਨਾਲ ਵੀ ਲੋਕਾਂ ਦੀ ਮਦਦ ਕਰਦੇ ਹਨ; ਫ਼ਨ-ਡੇਅ (ਮੌਜ-ਮੇਲੇ ਦੇ ਦਿਵਸ) ਵਿਚ ਮਦਦ, ਮੁਰੰਮਤ ਦੀ ਰਿਪੋਰਟ ਕਰਨੀ, ਲ਼ਾਵਾਰਸ ਕਾਰਾਂ ਦੀ ਰਿਪੋਰਟ ਕਰਨੀ, ਵਾਤਾਵਰਣ ਵਿਚ ਸੁਧਾਰਾਂ ਬਾਰੇ ਸਿਫਾਰਸ਼ ਕਰਨੀ ਅਤੇ ਅਮਰਜੰਸੀ ਵਿਚ ਮਦਦ ਕਰਨੀ।

ਇਸ ਸਕੀਮ ਵਿਚ ਸ਼ਾਮਲ 32 ਅਸਟੇਟਾਂ ਨੂੰ ਇਸ ਸਮੇਂ ਪਾਏ ਜਾਂਦੇ ਗੈਰ-ਸਮਾਜੀ ਵਤੀਰੇ, ਜੁਰਮ ਅਤੇ ਸਮਾਜਿਕ ਅਲਹਿਦਗੀ ਦੇ ਪੱਧਰਾਂ ਮੁਤਾਬਿਕ ਚੁਣਿਆਂ ਆ ਹੈ। ਜੇਕਰ ਗੈਰ-ਸਮਾਜੀ ਵਤੀਰੇ ਅਤੇ ਜੁਰਮ ਵਿਚ ਵਾਧਾ ਹੋਇਆ ਅਤੇ ਹੋਰ ਸੁਰੱਖਿਆ ਦੀ ਲੋੜ ਹੋਈ, ਤਾਂ ਹੋਰ ਅਸਟੇਟਾਂ ਵੀ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ। ਸਾਰੀਆਂ ਅਸਟੇਟਾਂ ਹੰਸਲੋ ਹੋਮਜ਼ ਦੀ ਨੇਬਰਹੁੱਡ ਵਾਰਡਨ ਸਕੀਮ ਦਾ ਫ਼ਾਇਦਾ ਉਠਾ ਸਕਦੀਆਂ ਹਨ। ਇਸ ਦਾ ਮਤਲਬ ਇਹ ਹੈ ਕਿ ਸਮੇਂ ਸਮੇਂ 'ਤੇ ਹੋਰਨਾਂ ਅਸਟੇਟਾਂ ਵਿਚ ਵੀ ਵਾਰਡਨ ਥੋੜੇ ਥੋੜੇ ਸਮੇਂ ਲਈ ਖਾਸ ਮਾਮਲਿਆਂ ਵੱਲ ਧਿਆਨ ਦੇਣ ਲਈ ਹਾਜ਼ਰ ਹੋਣਗੇ। ਹੇਠ ਲਿਖੀਆਂ ਮੁੱਖ ਅਸਟੇਟਾਂ ਵਿਚ ਨੇਬਰਹੁੱਡ ਵਾਰਡਨ ਪੈਦਲ ਗਸ਼ਤ ਕਰਨਗੇ ਅਤੇ ਖ਼ਾਸ ਵੈਨਾਂ ਵਿਚ ਸ਼ਾਮ 3 ਵਜੇ ਤੋਂ ਰਾਤ 11 ਵਜੇ ਤੱਕ ਗਸ਼ਤ ਕਰਨਗੇ। (ਮੁੱਖ ਅਸਟੇਟਾਂ ਉਹ ਹਨ, ਜਿਨ੍ਹਾਂ ਵਿਚ ਵਾਰਡਨ ਹਮੇਸਾਂ ਹਫ਼ਤੇ ਦੇ 7 ਦਿਨ ਸ਼ਾਮ 3 ਵਜੇ ਤੋਂ ਰਾਤ 11 ਵਜੇ ਤੱਕ ਮੌਜੂਦ ਹੁੰਦੇ ਹਨ)।

* ਓਰੀਅਲ ਅਸਟੇਟ
* ਕੌਨਵੈਂਟ ਵੇਅ
* ਬੀਵਰਜ਼ ਅਸਟੇਟ
* ਹੇਵਰਫ਼ੀਲਡਜ਼
* ਬਰੈਂਫ਼ਰਡ ਟਾਵਰਜ਼
* ਆਈਵੀਬ੍ਰਿਜ

ਕ੍ਰਿਪਾ ਕਰਕੇ ਆਪਣੇ ਸਥਾਨਕ ਹਾਊਸਿੰਗ ਅਫ਼ਸਰ ਨੂੰ ਪੁੱਛਣਾ ਜਾਰੀ ਰੱਖੋ, ਜੋ ਵਾਰਡਨਾਂ ਦੀ ਇਕ ਟੀਮ ਅਤੇ ਹੋਰਨਾਂ ਜੱਥੇਬੰਦੀਆਂ ਨਾਲ ਮਿਲ ਕੇ ਤੁਹਾਡੇ ਗੁਆਂਡੀ ਇਲਾਕਿਆਂ ਵਿਚ ਜੁਰਮ ਅਤੇ ਡਰ ਨੂੰ ਘਟਾਉਣ ਲਈ ਕੰਮ ਕਰਨਗੇ।

**ਅਸਟੇਟਾਂ ਨੂੰ ਸੁਰੱਖਿਅਤ ਅਤੇ ਰਹਿਣ ਲਈ ਸਾਫ਼-ਸੁਥਰਾ ਬਨਾਉਣ ਲਈ ਤੁਹਾਡੇ ਸਮਰਥਨ ਅਤੇ ਮਦਦ ਦੀ ਲੋੜ ਹੈ।**

ਕ੍ਰਿਪਾ ਕਰਕੇ ਆਪਣੇ ਇਲਾਕੇ ਦੇ ਹਾਊਸਿੰਗ ਆਫ਼ਿਸ ਨੂੰ ਗੈਰ-ਸਮਾਜੀ ਵਤੀਰੇ, ਭੈੜੀ ਲਿਖ਼ਤ, ਨਸਲੀ-ਪਰੇਸ਼ਾਨੀ, ਨੌਜਵਾਨਾਂ ਦੁਆਰਾ ਖ਼ਰਾਬੀ, ਲਾਵਾਰਸ ਕਾਰਾਂ, ਭੰਨ-ਤੋੜ, ਸ਼ੋਰ-ਸ਼ਰਾਬਾ ਅਤੇ ਗਲਤ ਜਗ੍ਹਾ 'ਤੇ ਕੂੜਾ-ਕਰਕਟ ਸੁੱਟਣ ਦੀ ਰਿਪੋਰਟ ਕਰੋ।

* ਸੈਂਟਰਲ ਏਰੀਆ (020) 8583 4382 ਜਾਂ ਮਿਨੀਕਾਮ (020) 8583 3959
* ਈਸਟ ਏਰੀਆ (020) 8583 4220 ਜਾਂ ਮਿਨੀਕਾਮ ਚਿਜ਼ਿਕ ਆਫ਼ਿਸ (020) 8583 4220 ਜਾਂ ਮਿਨੀਕਾਮ ਬਰੈਂਟਫ਼ਰਡ ਆਫ਼ਿਸ (020) 8583 4390
* ਵੈਸਟ ਏਰੀਆ (02) 8583 4383 ਜਾਂ ਮਿਨੀਕਾਮ (020) 8583 4387

ਜੇਕਰ ਤੁਹਾਨੂੰ ਹੰਸਲੋ ਹੋਮਜ਼ ਨੇਬਰਹੁੱਡ ਵਾਰਡਨ ਸਕੀਮ ਦਾ ਪਰਚਾ ਕਿਸੇ ਹੋਰ ਬੋਲੀ ਜਾਂ ਸ਼ਕਲ ਵਿਚ ਚਾਹੀਦਾ ਹੈ, ਤਾਂ ਕ੍ਰਿਪਾ ਕਰਕੇ ਇਸ ਨੰਬਰ 'ਤੇ ਫ਼ੋਨ ਕਰੋ: 020 8583 2299 ਜਾਂ ਮਿਨੀਕਾਮ ਕਰੋ: 020 8583 3122